**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਪੰਜਾਬ ਅਲਕਲੀਂ ਅਤੇ ਕੈਮੀਕਲਜ ਲਿਮਿਟਿਡ (ਪੀ.ਏ.ਸੀ.ਐਲ) ਵਲੋਂ ਆਪਣੇ ਮੋਜੂਦਾ ਯੂਨਿਟ ਜੋ ਕਿ ਨੰਗਲ– ਊਨਾ ਰੋਡ, ਨਵਾਂ ਨੰਗਲ, ਜਿਲ੍ਹਾ ਰੂਪਨਗਰ, ਵਿਖੇ ਸਥਿਤ, ਦੀ ਮੌਜੂਦਾ ਕਲੋਰ ਅਲਕਲੀ ਪਲਾਂਟ ਦੀ ਤਜਵੀਜਤ ਸਮਰੱਥਾ ਵਧਾਉਣ ਅਤੇ ਨਵੇ ਫਲੇਕਰ ਪਲਾਂਟ, ਸਟੇਬਲ ਬਲੀਚਿੰਗ ਪਾਊਡਰ ਪਲਾਂਟ, ਹਾਈਡ੍ਰੋਜਨ ਪੈਰਾਕਸਾਈਡ ਪਲਾਂਟ ਅਤੇ ਕੈਪਟਿਵ ਪਾਵਰ ਪਲਾਂਟ ਦੀ ਸਥਾਪਨਾ, ਲਈ ਵਾਤਾਵਰਨ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 05.07.2019 ਦੀ ਕਾਰਵਾਈ ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਜਗਵਿੰਦਰਜੀਤ ਸਿੰਘ, ਪੀ.ਸੀ.ਐਸ.,
   ਵਧੀਕ ਡਿਪਟੀ ਕਮਿਸ਼ਨਰ,
   ਰੂਪ ਨਗਰ ।

2. ਡਾ. ਮਨੋਹਰ ਲਾਲ ਚੋਹਾਨ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ

3 ਇੰਜ: ਹਰਸਿਮਰਨ ਸਿੰਘ,
   ਸਹਾਇਕ ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ, ਮੋਹਾਲੀ।

4 ਸ੍ਰੀ ਦਲੀਪ ਸਿੰਘ,
   ਤਹਿਸੀਲਦਾਰ ਨੰਗਲ,
   ਜਿਲਾ ਰੂਪ ਨਗਰ

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਪੰਜਾਬ ਅਲਕਲੀਂ ਅਤੇ ਕੈਮੀਕਲਜ ਲਿਮਿਟਿਡ (ਪੀ.ਏ.ਸੀ.ਐਲ) ਵਲੋਂ ਆਪਣੇ ਮੋਜੂਦਾ ਯੂਨਿਟ ਜੋ ਕਿ ਨੰਗਲ– ਊਨਾ ਰੋਡ, ਨਵਾਂ ਨੰਗਲ, ਜਿਲ੍ਹਾ ਰੂਪਨਗਰ, ਵਿਖੇ ਸਥਿਤ ਹੈ ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਮੈਸ: ਪੰਜਾਬ ਅਲਕਲੀਂ ਅਤੇ ਕੈਮੀਕਲਜ ਲਿਮਿਟਿਡ (ਪੀ.ਏ.ਸੀ.ਐਲ) ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੀ ਮੌਜੂਦਾ ਕਲੋਰ ਅਲਕਲੀ ਪਲਾਂਟ ਦੀ ਤਜਵੀਜਤ ਸਮਰੱਥਾ ਵਧਾਉਣ ਅਤੇ ਨਵੇ ਫਲੇਕਰ ਪਲਾਂਟ, ਸਟੇਬਲ ਬਲੀਚਿੰਗ ਪਾਊਡਰ ਪਲਾਂਟ, ਹਾਈਡ੍ਰੋਜਨ ਪੈਰਾਕਸਾਈਡ ਪਲਾਂਟ ਅਤੇ ਕੈਪਟਿਵ ਪਾਵਰ ਪਲਾਂਟ ਦੀ ਸਥਾਪਨਾ ਆਪਣੇ ਮੋਜੂਦਾ ਯੂਨਿਟ ਜੋ ਕਿ ਨੰਗਲ– ਊਨਾ ਰੋਡ, ਨਵਾਂ ਨੰਗਲ, ਜਿਲ੍ਹਾ ਰੂਪਨਗਰ, ਵਿਖੇ ਸਥਿਤ, ਹੈ, ਕਰਨ ਦੀ ਤਜਵੀਜ਼ ਹੈ। ਵਾਤਾਵਰਣ ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ

। ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਚੇਅਰਮੈਨ, ਜਿਲਾ ਪ੍ਰੀਸ਼ਦ, ਰੋਪੜ, ਡਿਪਟੀ ਕਮਿਸਨਰ, ਰੋਪੜ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਮੋਹਾਲੀ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ; ਕਾਰਜਕਾਰੀ ਅਫਸਰ, ਐਮ.ਸੀ., ਨੰਗਲ ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਤਹਿਗੜ ਸਾਹਿਬ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਅਖਬਾਰਾਂ ਭਾਵ ਇੰਡੀਅਨ ਐਕਸਪ੍ਰੈਸ (ਅੰਗਰੇਜ਼ੀ) ਮਿਤੀ 26/05/2019 ਅਤੇ ਰੋਜਾਨਾ ਅਜੀਤ (ਪੰਜਾਬੀ) ਮਿਤੀ 25/05/2019 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਰਵਿੰਦਰ ਜਸਵਾਲ, ਡੀ.ਜੀ.ਐਮ (ਐਚਆਰ) ਮੈਸ: ਪੰਜਾਬ ਅਲਕਲੀਂ ਅਤੇ ਕੈਮੀਕਲਜ ਲਿਮਿਟਿਡ (ਪੀ.ਏ.ਸੀ.ਐਲ) ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰਪੁਰਵਕ ਹੇਠ ਲਿਖੇ ਅਨੁਸਾਰ ਬਿਆਨ ਕੀਤਾ:-

**ਭੂਮਿਕਾ**

**1.1 ਪੰਜਾਬ ਅਲਕਲੀਜ਼ ਅਤੇ ਕੈਮੀਕਲਸ ਲਿਮਿਟਿਡ ਬਾਰੇ**

ਪੰਜਾਬ ਅਲਕਲੀਜ਼ ਅਤੇ ਕੈਮੀਕਲਜ਼ ਲਿਮਿਟਿਡ (PACL) ਨੂੰ ਦਸੰਬਰ 1975 ਵਿਚ ਇਕ ਪਬਲਿਕ ਲਿਮਿਟਿਡ ਕੰਪਨੀ ਦੇ ਰੂਪ ਵਿਚ ਸਥਾਪਤ ਕੀਤੀ ਗਿਆ ਸੀ। ਕੰਪਨੀ ਨੂੰ ਪੰਜਾਬ ਰਾਜ ਉਦਯੋਗਕ ਵਿਕਾਸ ਨਿਗਮ ਲਿਮਿਟਿਡ (PSIDC) ਵਲੋਂ ਪ੍ਰਮੋਟ ਕੀਤਾ ਗਿਆ ਹੈ, ਜੋ ਕਿ ਪੂਰਣ ਤੌਰ ਤੇ ਪੰਜਾਬ ਸਰਕਾਰ ਦੀ ਮਾਲਕੀ ਵਾਲੀ ਕੰਪਨੀ ਹੈ। PACL ਕੋਲ ਇੰਟੀਗਰੇਟਿਡ ਮੈਨੇਜਮੈਂਟ ਸਿਸਟਮ (IMS) ਸਰਟੀਫਿਕੇਸ਼ਨ ਹੈ।

ਕੰਪਨੀ ਦਾ ਸੰਚਾਲਨ ਬੋਰਡ ਆਫ ਡਾਇਰੈਟਰਜ਼ ਵਲੋਂ ਕੀਤਾ ਜਾਂਦਾ ਹੈ, ਜਿਸ ਵਿਚ ਸੀਨੀਅਰ ਸਰਕਾਰੀ ਅਫਸਰ, ਪੇਸ਼ੇਵਰ ਅਤੇ ਤਜਰਬੇਕਾਰ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਦੇ ਨਾਂ ਹਨ ਸ਼੍ਰੀਮਤੀ ਵਿਨੀ ਮਹਾਜਨ, ਆਈ.ਏ.ਐਸ (ਚੇਅਰ ਪਰਸਨ), ਸ਼੍ਰੀ ਮਨਜੀਤ ਸਿੰਘ ਬਰਾੜ, ਆਈ.ਏ.ਐਸ (PSIDC ਨਾਮਿਨੀ ਮੈਨਜਿੰਗ ਡਾਇਰੈਕਟਰ); ਸ਼੍ਰੀਮਤੀ ਨੀਲਿਮਾ, ਆਈ.ਏ.ਐਸ (ਡਾਇਰੈਕਟਰ) ਡਾ.ਏ.ਕੇ. ਕੁੰਦਰਾ, ਆਈ.ਏ.ਐਸ (ਰਿਟਾਇਰਡ) ਡਾਇਰੈਕਟਰ, ਸ਼੍ਰੀ ਡੀ.ਸੀ ਮਹਿੰਦਰੁ (ਡਾਇਰੈਕਟਰ) ਅਤੇ ਸ਼੍ਰੀ ਜੇ ਐਸ ਮਾਨ (ਡਾਇਰੈਕਟਰ)

## 1.2 ਤਜਵੀਜ਼ਤ ਪ੍ਰੋਜੈਕਟ

ਤਜਵੀਜ਼ਤ ਪ੍ਰੋਜੈਕਟ, ਨਯਾ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ ਵਿਖੇ ਮੌਜੂਦਾ ਕਲੋਰ ਅਲਕਲੀ ਪਲਾਂਟ ਦੀ ਤਜਵੀਜ਼ਤ ਸਮਰੱਥਾ ਵਧਾਉਣ ਅਤੇ ਨਵੇਂ ਫਲੇਕਰ ਪਲਾਂਟ, ਸਟੇਬਲ ਬਲੀਚਿੰਗ ਪਾਊਡਰ ਪਲਾਂਟ, ਹਾਈਡ੍ਰੋਜਨ ਪੈਰਾਕਸਾਈਡ ਪਲਾਂਟ ਅਤੇ ਕੈਪਟਿਵ ਪਾਵਰ ਪਲਾਂਟ ਦੀ ਸਥਾਪਨਾ ਲਈ ਹੈ।

- ਸਥਾਨ : ਨੰਗਲ ਊਨਾ ਰੋਡ, ਨਯਾ ਨੰਗਲ, ਜਿਲ੍ਹਾ ਰੂਪਨਗਰ, ਪੰਜਾਬ
- ਕੁਲ ਪਲਾਟ ਖੇਤਰ: 3,46,408$m^2$
- ਤਜਵੀਜਤ ਵਿਸਥਾਰ ਪ੍ਰੋਜੈਕਟ ਖੇਤਰ : 1,21,434 $m^2$
- ਹਰੀ ਪੱਟੀ (ਗ੍ਰੀਨ ਬੈਲਟ) ਖੇਤਰ: 1,13,856 $m^2$ (ਕੁਲ ਪਲਾਟ ਖੇਤਰ ਦਾ 33%)
- ਅਨੁਮਾਨਤ ਪ੍ਰੋਜੈਕਟ ਲਾਗਤ : 1,240 ਕਰੋੜ

## 1.3 ਰੈਗੁਲੇਟਰੀ ਢਾਂਚਾ

ਅੱਜ ਤੱਕ ਸੋਧੀ ਗਈ EIA ਨੋਟੀਫਿਕੇਸ਼ਨ ਮਿਤੀ 14 ਸਤੰਬਰ 2006 ਦੇ ਅਨੁਸਾਰ ਤਜਵੀਜ਼ਤ ਪ੍ਰੋਜੈਕਟ, 4 (d), ਕਲੋਰ ਅਲਕਲੀ ਉਦਯੋਗ, ਥਰਮਲ ਪਾਵਰ ਪਲਾਂਟ 1 (d) ਦੇ ਨਾਲ, ਪ੍ਰੋਜੈਕਟ/ਗਤੀਵਿਧੀ ਵਰਗ ਵਿਚ ਆਉਂਦਾ ਹੈ ਅਤੇ ਹੇਠ ਲਿਖੇ ਕਾਰਣਾਂ ਕਰਕੇ "A" ਵਰਗ ਹੇਠ ਵਰਗੀਕ੍ਰਿਤ ਕੀਤਾ ਗਿਆ ਹੈ:

- ਪ੍ਰੋਜੈਕਟ, ਨੋਟੀਫਾਈਡ ਇੰਡਸਟ੍ਰੀਅਲ ਏਰੀਆ/ਇਸਟੇਟ ਤੋਂ ਬਾਹਰ ਹੈ ਅਤੇ ਸਮੁੱਚੀ ਕਲੋਰ-ਅਲਕਲੀ ਸਮਰੱਥਾ $\geq$ 300 TPD ਹੈ।
- ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚਾਲੇ ਅੰਤਰ ਰਾਜੀ ਹੱਦ, ਸਾਈਟ ਤੋਂ ~ 1.0 ਕਿ.ਮੀ. ਪੱਛਮ ਵਿਚ ਹੈ।

PACL ਨੇ, 17 ਅਕਤੂਬਰ, 2018 ਨੂੰ ਐਕਸਪਰਟ ਅਪਰੇਜ਼ਲ ਕਮੇਟੀ (EAC) MoEF&CC ਨੂੰ ਵਾਤਾਵਰਣ ਅਧਿਐਨ ਕਰਨ ਲਈ ਪ੍ਰੀ ਫੀਜ਼ੀਬਿਲਟੀ ਅਧਿਐਨ ਅਤੇ ਤਜਵੀਜ਼ਤ ਸੰਦਰਭ ਸ਼ਰਤਾਂ (ToRs) ਦੇ ਨਾਲ ਫਾਰਮ-I ਵਰਗੇ ਪ੍ਰਸੰਗਕ ਦਸਤਾਵੇਜ਼ ਪ੍ਰਸਤੂਤ ਕੀਤੇ।

ਇਸ ਤੋਂ ਬਾਦ, 18 ਨਵੰਬਰ, 2018 ਦੇ ਪੱਤਰ ਰਾਹੀਂ ਵਾਤਾਵਰਣ ਪ੍ਰਭਾਵ ਮੁਲਾਂਕਣ (EIA) ਅਤੇ ਵਾਤਾਵਰਣ ਪ੍ਰਬੰਧਨ ਯੋਜਨਾ (EMP) ਦੇ ਅਧਿਐਨ ਲਈ MoEF&CC ਨੇ ToR ਪੱਤਰ ਰਾਹੀਂ, ਤਜਵੀਜ਼ਤ ਪ੍ਰੋਜੈਕਟ ਲਈ ਸੰਦਰਭ ਸ਼ਰਤਾਂ ਜਾਰੀ ਕੀਤੀਆਂ ਗਈਆਂ ਸਨ।

## 1.4 ਉਤਪਾਦ ਸੂਚੀ

| ਲੜੀ ਨੰ. | ਉਤਪਾਦ | ਸਮਰੱਥਾ | | |
|---|---|---|---|---|
| | | ਮੌਜੂਦਾ | ਵਧੀਕ ਤਜਵੀਜ਼ਤ | ਵਿਸਥਾਰ ਮਗਰੋਂ ਕੁੱਲ |
| 1. | ਕਾਸਟਿਕ ਸੋਡਾ ਲਾਇ | 99,000 | 1,65,000 | 2,64,000 |
| 2. | ਹਾਈਡ੍ਰੋਜਨ ਗੈਸ | 277.20 ਲੱਖ $Nm^3$ | 462 ਲੱਖ $Nm^3$ | 739.2 ਲੱਖ $Nm^3$ |
| 3. | ਤਰਲ ਕਲੋਰੀਨ | 87,714 | 1,46,190 | 2,33,904 |
| 4. | ਕਾਸਟਿਕ ਫਲੇਕਸ* | 0 | 66,000 | 66,000 |
| 5. | ਸਟੇਬਲ ਬਲੀਚਿੰਗ ਪਾਊਡਰ* | 0 | 33,000 | 33,000 |
| 6. | ਹਾਈਡ੍ਰੋਜਨ ਪੈਰਾਕਸਾਈਡ* | 0 | 16,500 | 16,500 |
| ਉਪ ਉਤਪਾਦ | | | | |
| 1. | ਹਾਈਡ੍ਰੋਕਲੋਰਿਕ ਐਸਿਡ | 39,600 | 66,000 | 1,05,600 |
| 2. | ਸੋਡੀਅਮ ਹਾਈਪੋ ਕਲੋਰਾਈਡ | 2,000 | 4,000 | 6,000 |
| 3. | ਪਤਲਾ ਸਲਫਿਊਰਿਕ ਐਸਿਡ | 2,100 | 3,500 | 5,600 |
| ਬਿਜਲੀ ਉਤਪਾਦਨ | | | | |
| 1. | ਕੈਪਟਿਵ ਪਾਵਰ ਪਲਾਂਟ | 0 ਮੈ.ਵਾ | 75 ਮੈ.ਵਾ | 75 ਮੈ.ਵਾ |

*ਉਨ੍ਹਾਂ ਉਤਪਾਦਾਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਲਈ EC ਦੀ ਲੋੜ ਨਹੀਂ ਹੁੰਦੀ, ਪਰ ਤਜਵੀਜ਼ਤ ਪ੍ਰੋਜੈਕਟ ਦਾ ਹਿੱਸਾ ਹਨ।

## 2. ਪ੍ਰੋਜੈਕਟ ਸਾਰ

- **ਬਿਜਲੀ ਦੀ ਲੋੜ ਅਤੇ ਸ਼ਰੋਤ:**- ਮੌਜੂਦਾ ਪ੍ਰੋਜੈਕਟ ਦੀ 40 ਮੈ.ਵਾ ਦੀ ਬਿਜਲੀ ਦੀ ਲੋੜ ਪੰਜਾਬ ਸਰਕਾਰ ਵਲੋਂ ਮੌਜੂਦਾ ਗ੍ਰਿਡ ਸਪਲਾਈ ਤੋਂ ਪੂਰੀ ਹੁੰਦੀ ਹੈ। ਵਿਸਥਾਰ ਤੋਂ ਬਾਅਦ, ਬਿਜਲੀ ਦੀ ਲੋੜ 75 ਮੈ.ਵਾ. ਸਮਰੱਥਾ ਦੇ ਕੈਪਟਿਵ ਪਾਵਰ ਪਲਾਂਟ ਤੋਂ ਪੂਰੀ ਹੋਵੇਗੀ।
- **ਕੈਪਟਿਵ ਪਾਵਰ ਪਲਾਂਤ ਲਈ ਬਾਲਣ:**- ਕੋਲਾ ਅਤੇ ਬਾਇਓਮਾਸ
- **ਪਾਣੀ ਦੀ ਖਪਤ:**- ਸ੍ਰੋਤ ਪੰਜਾਬ ਸਰਕਾ ਦੇ ਸਿੰਜਾਈ ਵਿਭਾਗ ਦੁਆਰਾ ਸਤਲੁਜ ਦਰਿਆ, ਮੌਜੂਦਾ ਭਾਖੜਾ ਨੰਗਲ ਡੈਮ ਰਾਹੀਂ। ਮੌਜੂਦਾ =4933 KLD, ਤਜਵੀਜ਼ਤ =7003 KLD ਅਤੇ ਕੁੱਲ 11936 KLD ।
- ਅਪਸ਼ਿਸ਼ਟ ਜਲ ਉਤਸਰਜਨ, ਨਿਪਟਾਨ (KLD ਵਿੱਚ):- ਮੌਜੂਦਾ = 293 KLD, ਤਜਵੀਜ਼ਤ = 1243 KLD ਅਤੇ ਕੁੱਲ 1536 KLD, 108 KLD ਸੀਵੇਜ ਤੋਂ ਸੀਵਰ ਲਾਈਨ ਅਤੇ RO ਅਤੇ MEE ਤੋਂ ਬਾਦ ETP ਨੂੰ 1,428 KLD । ਇੰਵ ਜੀਰੋ ਲਿਕੁਇਡ ਡਿਸਚਾਰ (ZLD) ਹੋਵੇਗਾ।
- **ਬਾਲਣ ਗੈਸ ਦੇ ਢੇਰਾਂ ਦੀ ਸੰਖਿਆ:**- ਮੌਜੂਦਾ ਸੰਖਿਆ = 6, ਤਜਵੀਜ਼ਤ ਸੰਖਿਆ = 7; ਕੁਲ ਸੰਖਿਆ = 13
- ਪ੍ਰੋਸੈਸ ਵੈਂਟ/ਢੇਰਾਂ ਦੀ ਸੰਖਿਆ:- ਮੌਜੂਦਾ ਸੰਖਿਆ = 4, ਤਜਵੀਜ਼ਤ ਸੰਖਿਆ = 3; ਕੁਲ ਸੰਖਿਆ = 7
- **ਖਤਰਨਾਕ ਅਪਸ਼ਿਸ਼ਟ:**- (a) ਬ੍ਰਾਈਨ ਸਲੱਜ (ਮਰਕਰੀ ਅਧਾਰਤ) ਮੌਜੂਦਾ = 26642 MTPA; ਤਜਵੀਜ਼ਤ = 0, (b) ਵਰਤਿਆ/ਖਰਚਿਆ ਤੇਲ =ਮੌਜੂਦਾ = 1 MTPA, ਤਜਵੀਜ਼ਤ = 1.7; ਕੁੱਲ =

2.7 MTPA; (c) MEE ਸਲੱਜ : ਮੌਜੂਦਾ = 450 MTPA; ਤਜਵੀਜ਼ਤ = 1400 MTPA; ਕੁੱਲ = 1750 MTPA

- **ਠੋਸ ਅਪਸ਼ਿਸ਼ਟ:-** (a) ਬ੍ਰਾਈਨ ਸਲੱਜ : ਮੌਜੂਦਾ = 2300 MTPA; ਤਜਵੀਜ਼ਤ = 3833, ਕੁਲ = 6133 MTPA (b) ਫਲਾਈ ਐਸ਼ : ਮੌਜੂਦਾ = 0 MTPA, ਤਜਵੀਜ਼ਤ = 55,000 MTPA.
- **ਮੈਨ ਪਾਵਰ** (a) ਸੰਚਾਲਣ ਅਵਸ਼ਥਾ ~ 400 ਲੋਕ (ਸਿੱਧੇ ਤੌਰ ਤੇ) ਅਤੇ ~ 500 ਲੋਕ (ਅਸਿੱਧੇ ਤੌਰ ਤੇ)

  ਅਤੇ ਪਾਵਰ ਪਲਾਂਟ ਲਈ ~ 200 ਲੋਕ
- ਕੋਈ ਆਪਸ ਵਿਚ ਜੁੜੇ ਪ੍ਰੋਜੈਕਟ ਨਹੀਂ ਅਤੇ ਕੋਈ ਮੁਕਦਮੇਬਾਜੀ ਨਹੀਂ ਚਲ ਰਹੀ।
- ਵਣ ਸੁਰੱਖਿਆ ਯੋਜਨਾ ਨੂੰ, ਪੰਜਾਬ ਸਰਕਾਰ ਦੇ ਵਣ ਵਿਭਾਗ ਵਲੋਂ ਮਨਜ਼ੂਰੀ ਕੀਤੀ ਗਈ ਹੈ।
- ਅਧਿਐਨ ਖੇਤਰ ਜ਼ਿਲਾ ਰੂਪਨਗਰ (ਜਾਂ ਰੋਪੜ) ਵਿਚ ਸਥਿਤ ਹੈ ਜੋ ਕਿ ਜ਼ੋਨ IV (ਉੱਚ ਨੁਕਸਾਨ ਜੋਖਮ ਜ਼ੋਨ) ਵਿਚ ਪੈਂਦਾ ਹੈ। ਇਹ ਜ਼ੋਨ ਉੱਚ ਨੁਕਸਾਨ ਜੋਖਮ ਜ਼ੋਨ ਕਿਹਾ ਜਾਂਦਾ ਹੈ ਅਤੇ MSK VIII ਪ੍ਰਤੀ ਜਵਾਬਦੇਹ ਖੇਤਰਾਂ ਨੂੰ ਕਵਰ ਕਰਦਾ ਹੈ।

3. ਪ੍ਰਦੂਸ਼ਣ ਕੰਟਰੋਲ ਉਪਾਅ:-

- **ਪ੍ਰਦੂਸ਼ਣ ਕੰਟਰੋਲ ਉਪਾਅ:-** ਪਾਰਟੀਕੁਲੇਟ ਮੈਟਰ (PM) ਉਤਸਰਜਨ ਨੂੰ ਕੰਟਰੋਲ ਕਰਨ ਲਈ ਤਜਵੀਜ਼ਤ ਪਾਵਰ ਪਲਾਂਟ ਦੇ ਢੇਰਾਂ (55 ਤੋਂ 60 ਮੀ. ਉਂਚਾਈ ਦੇ) ਇਨੇਕਟ੍ਰੋਸਟੈਟਿਕ ਪ੍ਰੈਸੀਪੀਟੇਟਰ (ESP) ਪ੍ਰਦਾਨ ਕੀਤੇ ਜਾਣਗੇ। ਸਲਫਰ ਡਾਈਆਕਸਾਈਡ ($SO_2$) ਉਤਸਰਜਨਾਂ ਨੂੰ ਕੰਟਰੋਲ ਕਰਨ ਲਈ ਚੂਨੇ ਦੀ ਡੋਜ਼ਿੰਗ ਕੀਤੀ ਜਾਵੇਗੀ। ਮੌਜੂਦਾ ਪ੍ਰੋਸੈਸ ਵੈਂਟਸ ਵਾਂਗ ਹੀ ਸਾਰੇ ਤਜਵੀਜ਼ਤ ਪ੍ਰੋਸੈਸ ਵੈਂਟਸ ਲਈ ਪਾਣੀ ਦੇ ਝਾਂਵੇ, ਕਾਸਟਿਕ ਝਾਂਵੇਂ, ਐਕਟੀਵੇਟਡ ਕਾਰਬਨ ਅਤੇ ਈ ਐਸ ਪੀ ਵਰਗੇ ਹਵਾ ਪ੍ਰਦੂਸ਼ਣ ਕੰਟਰੋਲ ਉਪਾਅ (APCM) ਪ੍ਰਦਾਨ ਕੀਤੇ ਜਾਣਗੇ। ਧੂੜ ਨੂੰ ਕੰਟਰੋਲ ਕਰਨ ਲਈ ਪਹੁੰਚ ਸੜਕਾਂ ਤੇ ਅਸਰਦਾਰ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ। ਫੈਕਟਰੀਜ਼ ਐਕਟ ਦੇ ਅਧੀਨ ਨਿਯਮਿਤ ਕਾਰਜ ਸਥਾਨ ਨਿਗਰਾਨੀ ਕੀਤਾ ਜਾਵੇਗੀ।
- **ਜਲ ਪ੍ਰਦੂਸ਼ਣ ਕੰਟਰੋਲ ਉਪਾਅ:** ਉਪਚਾਰ ਕੀਤੇ ਅਪਸ਼ਿਸ਼ਟ ਜਲ ਨੂੰ ਰੀਸਾਈਕਲ ਅਤੇ ਮੁੜ ਵਰਤੋਂ ਦੁਆਰਾ ਜੀਰੋ ਲਿਕੁਇਡ ਡਿਸਚਾਰਜ (ZLD) ਪ੍ਰਾਪਤ ਕੀਤਾ ਜਾਵੇਗਾ। ਸਾਈਡ ਬੈਰੀਆਰਾਂ ਸਹਿਤ ਉਚਿਤ ਡਿਜ਼ਾਈਨ ਵਾਲੀਆਂ ਐਡਲੂਐਂਟ ਨਾਲੀਆਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਵਹਾਅ ਨੂੰ, ਲੋੜੀਂਦੇ ਉਪਚਾਰ ਲਈ ਰਿਵਰਸ ਉਸਮੋਸਿਸ (RO) ਅਤੇ ਮਲਟੀਪਲ ਇਡੈਕਟ ਇਵੈਪੋਰੇਟਰਸ (MEE) ਵਾਲੇ ਐਫਲੂਐਂਟ ਟ੍ਰੀਟਮੈਟ ਪਲਾਂਟ (ETP) ਵਲ ਮੋੜਿਆ ਜਾਵੇਗਾ। ਤਾਜੇ ਪਾਣੀ ਦੀ ਮੰਗ ਵਿਚ ਕਮੀ ਕਰਨ ਲਈ ਹਰੀ ਪੱਟੀ ਦੇ ਵਿਕਾਸ ਲਈ ਤੁਪਕਾ ਸਿੰਚਾਈ ਪ੍ਰਣਾਲੀ ਦੀ ਤਜਵੀਜ਼ ਕੀਤੀ ਜਾਵੇਗੀ।
- **ਖਤਰਨਾਕ ਅਪਸ਼ਿਸ਼ਟ** : ਵਰਤੇ ਅਤੇ ਬੇਕਾਰ ਤੇਲ ਨੂੰ ਅਧਿਕ੍ਰਿਤ ਰੀਸਾਈਕਲਰਾਂ ਨੂੰ ਵੇਚਿਆ ਜਾਵੇਗਾ। MEE ਸਲੱਜ ਨੂੰ ਅਧਿਕ੍ਰਿਤ TSDF ਕੋਲ ਨਿਪਟਾਨ ਕੀਤਾ ਜਾਵੇਗਾ।

3.1 **ਵਾਤਾਵਰਣ ਪ੍ਰਬੰਧਨ ਯੋਜਨਾ** :- ਕੰਪਨੀ ਦੀ, ਵਾਤਾਵਰਣ ਵਿਚਲੇ ਵੱਖੋ ਵੱਖਰੇ ਪੈਰਾਮੀਟਰਾਂ ਦੇ ਪ੍ਰਦੂਸ਼ਣ ਤੇ ਕਾਬੂ ਪਾਉਣ ਲਈ 286.11 ਕਰੋੜ ਰੁਪਏ ਕੁਲ ਲਾਗਤ ਅਤੇ 11.02 ਕਰੋੜ ਰੁਪਏ ਸਾਲਾਨਾ ਆਵਰਤੀ ਲਾਗਤ, ਖਰਚ ਕਰਨ ਦੀ ਯੋਜਨਾ ਹੈ ਜਿਸ ਦਾ ਵੇਰਵਾ ਇਸ ਤਰਾਂ ਹੈ।

| | | |
|---|---|---|
| 1. | ਵਾਯੂ ਪ੍ਰਦੂਸ਼ਣ ਕੰਟਰੋਲ : | ਪੂੰਜੀ ਲਾਗਤ - 12 ਕਰੋੜ ਰੁਪਏ<br>ਆਵਰਤੀ ਲਾਗਤ-5 ਕਰੋੜ ਰੁਪਏ |
| 2. | ਜਲ ਪ੍ਰਦੂਸ਼ਣ ਕੰਟਰੋਲ: | ਪੂੰਜੀ ਲਾਗਤ -13.60 ਕਰੋੜ ਰੁਪਏ<br>ਆਵਰਤੀ ਲਾਗਤ -4.6 ਕਰੋੜ ਰੁਪਏ |
| 3. | ਸ਼ੋਰ ਪ੍ਰਦੂਸ਼ਣ ਕੰਟਰੋਲ: | ਪੂੰਜੀ ਲਾਗਤ-0.95 ਕਰੋੜ ਰੁਪਏ<br>ਆਵਰਤੀ ਲਾਗਤ - 0.35 ਕਰੋੜ ਰੁਪਏ |
| 4. | ਠੋਸ ਅਤੇ ਖਤਰਨਾਕ ਅਪਸ਼ਿਸ਼ਟ ਪ੍ਰਬੰਧਨ: | ਪੂੰਜੀ ਲਾਗਤ-3 ਕਰੋੜ<br>ਆਵਰਤੀ ਲਾਗਤ-0.50 ਕਰੋੜ |
| 5. | ਵਾਤਾਵਰਣ ਨਿਗਰਾਨੀ ਅਤੇ ਪ੍ਰਬੰਧਨ: | ਪੂੰਜੀ ਲਾਗਤ - 0.10 ਕਰੋੜ |
| 6. | ਹਰੀ ਪੱਟੀ: | ਪੂੰਜੀ ਲਾਗਤ-0.05 ਕਰੋੜ<br>ਆਵਰਤੀ ਲਾਗਤ -0.02 ਕਰੋੜ |

7. ਵਣ ਵਿਭਾਗ, ਪੰਜਾਬ ਸਰਕਾਰ ਦੁਆਰਾ ਮਨਜੂਰਸ਼ੁਦਾ ਸੰਰਖਣ ਯੋਜਨਾ ਨੂੰ ਲਾਗੂ ਕਰਨ ਲਈ ਖੇਤਰ ਵਿਚ ਅਨੁਸੂਚਿਤ ਜੀਵਾਂ ਦੇ ਸੰਰਖਣ ਲਈ 45.00 ਲੱਖ ਰੁਪਏ 5 ਸਾਲਾਂ ਲਈ ਰੱਖੇ ਗਏ ਹਨ।

3.2 **ਕਾਰਪੋਰੇਟ ਵਾਤਾਵਰਣਕ ਜ਼ਿੰਮੇਵਾਰੀ (ਸੀ ਈ ਆਰ) ਗਤੀਵਿਧੀਆਂ**

ਕੰਪਨੀ, ਅਧਿਐਨ ਖੇਤਰ ਵਿਚ ਕਾਰਪੋਰੇਟ ਵਾਤਾਵਰਣ ਜ਼ਿੰਮੇਵਾਰੀ (CER) ਗਤੀਵਿਧੀਆਂ ਚਲਾਉਣ ਲਈ 5 ਸਾਲਾਂ ਵਿਚ 3.10 ਕਰੋੜ ਰੁਪਏ (ਅਰਥਾਤ OM ਮਿਤੀ 1 ਮਈ 2018 ਮੁਤਾਬਕ ਰੁ: 1240 ਕਰੋੜ ਪ੍ਰੋਜੈਕਟ ਲਾਗਤ ਦਾ 0.25%) ਖਰਚ ਕਰੇਗੀ। 0.25% ਖਰਚੇ ਦਾ ਵੇਰਵਾ ਪ੍ਰੋਜੈਕਟ ਲਗਣ ਦੇ ਨਾਲ ਨਾਲ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਭਾਰਤ ਸਰਕਾਰ ਦੇ ਸਬਦਿਤ ਵਿਭਾਗ ਨੂੰ ਦਿੱਤੀ ਜਾਵੇਗੀ।

4. **ਸਿੱਟੇ:-**

2018-2019 ਦੇ 12 ਹਫਤਿਆਂ ਲਈ ਕੀਤੇ ਗਏ EIA ਅਧਿਐਨ ਦੇ ਅਧਾਰ ਤੇ ਅਤੇ EAC ਵਲੋਂ ਦਿੱਤੀਆਂ ਗਈਆਂ ਸੰਦਰਭ ਸ਼ਰਤਾਂ ਦੇ ਅਨੁਸਾਰ, ਹੇਠ ਲਿਖੀਆਂ ਵਿਸ਼ੇਸ਼ਤਾਈਆਂ ਉੱਭਰਦੀਆਂ ਹਨ:-

- ਪ੍ਰੋਜੈਕਟ ਖੇਤਰ, ਹਾਈਵੇਅ ਅਤੇ ਰੇਲਵੇ ਨਾਲ ਚੰਗੀ ਤਰ੍ਹਾਂ ਜੁੜੀ ਹੋਈ ਹੈ।
- ਸੜਕਾਂ ਰਾਹੀਂ ਵਾਹਨਾਂ ਦੀ ਆਵਾਜਾਈ ~200 ਟ੍ਰਕ/ਪ੍ਰਤੀ ਦਿਨ ਦਿਨ ਹੋਵੇਗੀ।
- ਸਾਰੀਆਂ ਲਾਗੂ ਹੁੰਦੀਆਂ ਰੈਗੁਲੇਟਰੀ ਲੋੜਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ।
- ਸੁਰੱਖਿਆ ਅਤੇ ਵਾਤਾਵਰਣਕ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ।

- ਪਾਣੀ ਦੀ ਖਪਤ ਘਟਾਉਣ ਲਈ ਰੀਸਾਈਕਲ ਅਤੇ ਮੁੜ ਵਰਤੋਂ ਯੋਜਨਾ ਲਾਗੂ ਕੀਤੀ ਜਾਵੇਗੀ।
- ਹਵਾ ਪ੍ਰਦੂਸ਼ਨ ਕੰਟਰੋਲ ਉਪਕਰਣ ਦੇ ਪ੍ਰਬੰਧ, ਖਤਰਨਾਕ ਅਪਸ਼ਿਸ਼ਟ ਦਾ ਪ੍ਰਬੰਧਨ ਘੱਟੋ ਘੱਟ ਉਲਟ ਵਾਤਾਵਰਣਕ ਪ੍ਰਭਾਵਾਂ ਵੱਲ ਲੈ ਜਾਵੇਗਾ।
- ਪ੍ਰੋਜੈਕਟ, ਨਿਰਮਾਣ ਅਤੇ ਸੰਚਾਲਣ ਪੜਾਅ ਦੌਰਾਨ ਕੁਸ਼ਲ, ਅਰਧਕੁਸ਼ਲ, ਅਕੁਸ਼ਲ ਲੋਕਾਂ ਲਈ ਰੁਜ਼ਗਾਰ ਉਤਪੰਨ ਕਰੇਗਾ ।

ਸ੍ਰੀ ਨਵੀਨ ਚੋਪੜਾ, ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਕੰਪਨੀ ਵਲੋਂ ਪ੍ਰੋਡਕਸ਼ਨ ਕਪੈਸਟੀ ਵਿੱਚ ਤਕਰੀਬਨ ਤਿੰਨ ਗੁਣਾ ਵਾਧਾ ਕਰਨ ਦੀ ਤਜਵੀਜ਼ ਹੈ। ਕੰਪਨੀ ਨੇ ਸਥਾਨਿਕ ਲੋਕਾਂ ਨੂੰ ਰੁਜਗਾਰ ਪ੍ਰਦਾਨ ਕੀਤਾ ਹੋਇਆ ਹੈ। ਕੰਪਨੀ ਵਲੋਂ ਪਿੰਡ ਬਿਨੈਵਾਲ ਵਿੱਚ ਲੋਕਾਂ ਨੂੰ ਚੰਗਾ ਪੀਣ ਵਾਲਾ ਪਾਣੀ ਪੋਵਾਈਡ ਕਰਨ ਲਈ ਪਿੰਡ ਵਿੱਚ ਇੱਕ ਆਰ.ਓ. ਸਿਸਟਮ ਲਗਾਇਆ ਹੋਇਆ ਹੈ। ਇੰਡਸਟਰੀ ਵਲੋਂ ਪਿੰਡ ਬਿਨੈਵਾਲ ਦੇ ਲੋਕਾਂ ਦੇ ਖੇਤਾਂ ਨੂੰ ਸਿੰਚਾਈ ਲਈ ਇੱਕ ਪਾਇਪ ਲਾਈਨ ਪਾਈ ਹੋਈ ਹੈ। ਉਹਨਾਂ ਇਹ ਵੀ ਦੱਸਿਆ ਕਿ ਕੰਪਨੀ ਵਲੋਂ ਫੈਕਟਰੀ ਵਿੱਚ ਇੱਕ ਡਿਸਪੈਂਸਰੀ ਅਤੇ ਟੈਸਟਿੰਗ ਲੈਬ ਖੋਲੀ ਹੋਈ ਹੈ ਜਿੱਥੇ ਮਰੀਜਾਂ ਦਾ ਇਲਾਜ਼/ਟੈਸਟ ਫਰੀ ਵਿੱਚ ਕੀਤਾ ਜਾਂਦਾ ਹੈ। ਕੰਪਨੀ ਕੋਲ ਇੱਕ ਐਬੂਲੈਂਸ ਵੀ ਉਪਲਬਧ ਹੈ ਤਾਂ ਕਿ ਇਸ ਨੂੰ ਕਿਸੇ ਵੀ ਦੁਰਘਟਨਾ ਸਮੇਂ ਵਰਤਿਆ ਜਾ ਸਕਦਾ ਹੈ। ਕੰਪਨੀ ਵਲੋਂ ਸਥਾਨਿਕ ਲੋਕਾਂ ਨੂੰ ਸਿੱਧੇ ਅਤੇ ਅਸਿੱਧੇ ਤੋਰ ਤੇ ਰੁਜਗਾਰ ਮੁਹੱਈਆ ਕਰਵਾਇਆ ਹੋਇਆ ਹੈ। ਕੰਪਨੀ ਦਾ ਮੋਜੂਦਾ ਯੂਨਿਟ ਜਰਮਨੀ ਦੀ ਮਸਹੂਰ ਕੰਪਨੀ ਵਲੋ ਨਵੀਂ ਤਕਨੀਕ ਨਾਲ ਤਿਆਰ ਕੀਤਾ ਹੋਇਆ ਹੈ, ਜ਼ੋ ਕਿ ਕਲੋਰ ਅਲਕਲੀ ਪਲਾਂਟ ਨਾਲ ਸੰਬੰਧਿਤ ਸੁਰੱਖਿਆ ਪ੍ਰਬੰਧਾਂ ਬਾਰੇ ਜਾਣੀ ਜਾਂਦੀ ਹੈ। ਕਿਸੇ ਵੀ ਅਣਸੁਖਾਵੀਂ ਘਟਨਾ ਤੇ ਕਾਬੂ ਕਰਨ ਲਈ ਕੰਪਨੀ ਵਲੋ ਆਨ ਸਾਈਟ ਅਤੇ ਆਫ ਸਾਈਟ ਐਮਰਜੰਸੀ ਪਲਾਨ ਤਿਆਰ ਕੀਤਾ ਹੋਇਆ ਹੈ। ਉਹਨਾਂ ਇਹ ਵੀ ਦੱਸਿਆ ਕਿ ਫੈਕਟਰੀ ਵਿੱਚੋਂ ਗੈਸ ਦੀ ਲੀਕੇਜ਼ ਨੂੰ ਪਤਾ ਲਗਾਉਣ ਲਈ ਚੰਗੀ ਕਿਸਮ ਦਾ ਅਲਾਰਮ ਸਿਸਟਮ ਲਗਾਇਆ ਹੋਇਆ ਹੈ। ਇੰਡਸਟਰੀ ਦਾ ਸਾਰਾ ਵੈਸਟ ਪਾਣੀ ਸੋਧਕੇ ਵੱਖ ਵੱਖ ਕੰਮਾਂ ਲਈ ਇੰਡਸਟਰੀ ਪਰਿਸ਼ਰ ਵਿੱਚ ਹੀ ਵਰਤਿਆ ਜਾਂਦਾ ਹੈ ਅਤੇ ਕੋਈ ਵੀ ਪਾਣੀ ਬਾਹਰ ਨਹੀ਼ ਸੁੱਟਿਆ ਜਾਂਦਾ ਹੈ, ਇਸ ਕਰਕੇ ਇਹ ਪਲਾਂਟ ਜੀਰੋ ਲਿਕੁਆਡ ਡਿਸਚਾਰਜ਼ ਪਲਾਂਟ ਹੈ। ਪਲਾਟ ਦਾ 35% ਏਰੀਆ ਹਰੀ ਪੱਟੀ ਵਜੋ਼ ਵਿਕਸ਼ਿਤ ਕੀਤਾ ਹੋਇਆ ਹੈ। 2,000 ਦਰੱਖਤ ਹਰ ਸਾਲ ਲਗਾਏ ਜਾਣਗੇ। ਅਨੁਸੂਚਿਤ ਪ੍ਰਜਾਤੀ ਦੀ ਸੰਭਾਲ ਲਈ ਅਗਲੇ ਪੰਜ ਸਾਲਾਂ ਲਈ 45 ਲੱਖ ਰੁਪਏ ਰੱਖੇ ਗਏ ਹਨ ਤਾਂ ਕਿ ਸੁਰੱਖਿਆ ਤਜਵੀਜ਼ ਨੂੰ ਲਾਗੂ ਕੀਤਾ ਜਾ ਸਕੇ। ਸਾਰੀਆਂ ਚਿਮਨੀਆਂ ਉਪਰ ਸੈਂਸਰ ਸਿਸਟਮ ਹੋਏ ਹਨ ਜਿਹਨਾਂ ਦੀ ਮੋਨਟਰਿੰਗ ਸੀ.ਪੀ.ਸੀ.ਬੀ ਅਤੇ ਪੀ.ਪੀ.ਸੀ.ਬੀ. ਵਲੋਂ ਕੀਤੀ ਜਾਂਦੀ ਹੈ। ਉਹਨਾਂ ਇਹ ਵੀ ਦੱਸਿਆ ਕਿ ਇੰਡਸਟਰੀ ਰੁਜਗਾਰ ਪੈਦਾ ਕਰਨ ਲਈ ਲਗਾਈ ਗਈ ਹੈ ਨਾ ਕਿ ਮੁਨਾਫਾ ਕਮਾਉਣ ਲਈ। ਇਸ ਸਮੇਂ ਰੋਜਾਨਾ 200 ਟੈਂਕਰ ਇੰਡਸਟਰੀ ਤੋਂ ਭੇਜੇ ਜਾਂਦੇ ਹਨ ਅਤੇ ਇਸ ਦੇ ਤਜਵੀਜਤ ਵਾਧੇ ਤੋਂ ਬਾਅਦ 600 ਟੈਂਕਰ ਰੋਜਾਨਾ ਭੇਜੇ ਜਾਇਆ ਕਰਨਗੇ, ਜਿਸ ਨਾਲ ਇਲਾਕੇ ਦਾ ਵਿਕਾਸ਼ ਹੋਵੇਗਾ।

ਜੇਕਰ ਇਹ ਪ੍ਰੋਜੈਕਟ ਆਉਂਦਾ ਹੈ ਤਾਂ ਇਸ ਦੇ ਸਮਾਜਕ ਅਤੇ ਵਿਤੀ ਫਾਇਦੇ ਹੋਣਗੇ ਅਤੇ ਇਹ ਵਾਤਾਵਰਣਕ ਸਥਿਰਤਾ ਵਾਲਾ ਹੋਵੇਗਾ। ਉਹਨਾਂ ਬੇਨਤੀ ਕੀਤੀ ਕਿ ਉਪਰੋਕਤ ਦੇ ਮੱਦੇ ਨਜ਼ਰ, ਪ੍ਰੋਜੈਕਟ ਨੂੰ ਵਾਤਾਵਰਣਕ ਕਲੀਅਰੈਂਸ ਪ੍ਰਦਾਨ ਕਰਨ ਲਈ ਵਿਚਾਰਿਆ ਜਾਵੇ।

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਹਨ ਜਾਂ ਇਤਰਾਜ਼, ਜੇਕਰ ਹੋਵੇ ਤਾਂ ਦੇ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਜਨਤਾ ਵੱਲੋ ਲਿਖਤੀ ਰੂਪ ਵਿੱਚ ਕੋਈ ਵੀ ਇਤਰਾਜ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| **ਲੜੀ ਨੰ:** | **ਵਿਅਕਤੀ ਦਾ ਨਾਂ ਅਤੇ ਪਤਾ** | **ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ** | **ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ** |
|---|---|---|---|
| 1. | ਸ੍ਰੀ ਅਮਰਜੀਤ ਸਿੰਘ, ਵਾਸੀ ਪਿੰਡ ਬਿਨੈਵਾਲ, ਜਿਲਾ ਰੂਪ ਨਗਰ | ਉਹ ਜਾਨਣਾ ਚਾਹੁੰਦਾ ਹੈ ਕਿ ਲੋਕਾਂ ਦੀ ਜਾਨ ਨੂੰ ਇਸ ਤਜਵੀਜਤ ਵਾਧੇ ਤੋ ਕੋਈ ਖਤਰਾ ਤਾਂ ਨਹੀਂ? | ਕੰਪਨੀ ਦੇ ਡਾਇਰੈਕਟਰ ਸ੍ਰੀ ਨਵੀਨ ਚੋਪੜਾ ਨੇ ਦੱਸਿਆ ਕਿ ਪਲਾਂਟ 1983 ਤੋਂ ਚਲ ਰਿਹਾ ਹੈ ਅਤੇ ਇਸ ਤਜਵੀਜਤ ਵਾਧੇ ਤੋ ਸਥਾਨਿਕ ਲੋਕਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ। ਉਹਨਾਂ ਅੱਗੇ ਦੱਸਿਆ ਕਿ ਕੰਪਨੀ ਦਾ ਮੌਜੂਦਾ ਯੂਨਿਟ ਜਰਮਨ ਦੀ ਨਵੀ ਤਕਨੀਕ ਨਾਲ ਲੈਸ ਹੈ ਜੋ ਕਿ ਕਲੋਰ ਅਲਕਲੀ ਪਲਾਟਾਂ ਦੀ ਸੁਰੱਖਿਆ ਲਈ ਜਾਣੀ ਜਾਂਦੀ ਹੈ। ਯੂਨਿਟ ਦੇ ਪ੍ਰਸਤਾਵਿਤ ਵਾਧੇ ਨਾਲ ਸਥਾਨਿਕ ਲੋਕਾਂ ਨੂੰ ਹੋਰ ਬਹੁਤ ਰੁਜਗਾਰ ਦੇ ਮੋਕੇ ਪੈਦਾ ਹੋਣਗੇ। |
| 2. | ਸ੍ਰੀਮਤੀ ਜਸਵੀਰ ਕੋਰ, ਸਰਪੰਚ ਪਿੰਡ ਬਿਨੈਵਾਲ, ਜਿਲਾ ਰੂਪਨਗਰ | ਉਸ ਨੇ ਕਿਹਾ ਕਿ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ ਕਿਉਕਿ ਇੰਡਸਟਰੀ ਦੇ ਨਾਲ ਹੀ ਇੱਕ ਕਲੋਨੀ ਹੈ ਅਤੇ | ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਕੰਪਨੀ ਦਾ ਮੋਜੂਦਾ ਯੂਨਿਟ ਜਰਮਨੀ ਦੀ ਮਸਹੂਰ ਕੰਪਨੀ ਵਲੋ ਨਵੀ ਤਕਨੀਕ |

| | | | |
|---|---|---|---|
| | | ਇੱਕ ਸਕੂਲ ਚਲ ਰਿਹਾ ਹੈ। ਉਸਨੇ ਮੈਨੇਜਮੈਂਟ ਦਾ ਪਿੰਡ ਵਿੱਚ ਆਰ.ਓ ਸਿਸਟਮ ਲਗਾਉਣ ਅਤੇ ਪਿੰਡ ਦੇ ਖੇਤਾਂ ਲਈ ਸਿੰਚਾਈ ਲਈ ਪਾਈ ਗਈ ਪਾਇਪ ਲਾਈਨ ਲਈ ਧੰਨਵਾਦ ਕੀਤਾ। ਉਸਨੇ ਮੰਗ ਕੀਤੀ ਕਿ ਉਸ ਦੇ ਪਿੰਡ ਨੂੰ ਰੁਜਗਾਰ ਵਿੱਚ ਪਹਿਲ ਦਿੱਤੀ ਜਾਵੇ। ਉਸਨੇ ਇਹ ਵੀ ਮੰਗ ਕੀਤੀ ਕਿ ਪ੍ਰੋਜੈਕਟ ਮੈਨੇਜਮੈਂਟ ਨੂੰ ਇਲਾਕੇ ਵਿੱਚ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਉਪਰ ਪੈਸਾ ਖਰਚਣਾ ਚਾਹੀਦਾ ਹੈ। | ਨਾਲ ਤਿਆਰ ਕੀਤਾ ਹੋਇਆ ਹੈ, ਜੋ ਕਿ ਕਲੋਰ ਅਲਕਲੀ ਪਲਾਂਟ ਨਾਲ ਸੰਬੰਧਿਤ ਸੁਰੱਖਿਆ ਪ੍ਰਬੰਧਾਂ ਬਾਰੇ ਜਾਣੀ ਜਾਂਦੀ ਹੈ ਅਤੇ ਤਜਵੀਜਤ ਵਿਸਥਾਰ ਪ੍ਰੋਜੈਕਟ ਵੀ ਇਸੇ ਲਾਈਨ ਉਪਰ ਤਿਆਰ ਕੀਤਾ ਜਾਵੇਗਾ। ਉਸ ਨੇ ਇਹ ਵੀ ਦੱਸਿਆ ਕਿ ਪ੍ਰੋਜੈਕਟ ਦੇ ਵਾਧੇ ਨਾਲ 500-600 ਵਿਅਕਤੀ ਸਿੱਧੇ ਤੋਰ ਤੇ ਰੁਜਗਾਰ ਪ੍ਰਾਪਤ ਕਰਨਗੇ ਅਤੇ ਨੰਗਲ ਇਲਾਕੇ ਦੇ ਲੋਕਾਂ ਨੂੰ ਇਸ ਵਿੱਚ ਤਰਜੀਹ ਦਿੱਤੀ ਜਾਵੇਗੀ। ਤਜਵੀਜਤ ਵਾਧੇ ਨਾਲ ਅਸਿੱਧੇ ਤੋਰ ਤੇ ਟਰਾਂਸਪੋਟੇਸ਼ਨ ਸੈਕਟਰ (ਟੈਕਰ ਅਤੇ ਟਰੱਕ) ਵਿੱਚ ਵੀ ਰੁਜਗਾਰ ਦੇ ਮੋਕੇ ਪੈਦਾ ਹੋਣਗੇ। ਉਹਨਾਂ ਅੱਗੇ ਦੱਸਿਆ ਕਿ ਪੀ.ਏ.ਸੀ.ਐਲ ਇਲਾਕੇ ਦੀਆਂ ਗਰੀਬ ਪਰਿਵਾਰ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਉਪਰ ਸੀ.ਈ.ਆਰ. ਗਤੀਵਿਧੀਆਂ ਤਹਿਤ ਪੈਸਾ ਖਰਚ ਕਰਨ ਦੀ ਕੋਸਿਸ ਕਰੇਗੀ। |
| 3. | ਸ੍ਰੀ ਕੁਲਦੀਪ ਸਿੰਘ, ਸਾਬਕਾ ਸਰਪੰਚ, ਪਿੰਡ ਭਨਮ, ਜਿਲਾ ਰੂਪ ਨਗਰ | ਉਸ ਨੇ ਕਿਹਾ ਕਿ ਇੰਡਸਟਰੀ ਦੇ ਵਾਧੇ ਨਾਲ ਇਲਾਕੇ ਦੇ ਲੋਕਾਂ ਨੂੰ ਰੁਜਗਾਰ ਮਿਲੇਗਾ। ਉਸਨੇ ਇਹ ਵੀ ਕਿਹਾ ਕਿ ਇਲਾਕੇ ਦੇ ਵਾਤਾਵਰਣ ਨੂੰ ਧਿਆਨ ਵਿੱਚ ਰੱਖਿਆ ਜਾਵੇ। ਉਸ ਨੇ ਮੰਗ ਕੀਤੀ ਕਿ ਰੁਜਗਾਰ ਵਿੱਚ ਇਲਾਕੇ ਦੇ ਲੋਕਾਂ ਨੂੰ ਤਰਜੀਹ ਦਿੱਤੀ ਜਾਵੇ। | ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਉਹ ਪਹਿਲਾਂ ਹੀ ਦੱਸ ਚੁੱਕਾ ਹੈ ਕਿ ਰੁਜਗਾਰ ਵਿੱਚ ਸਥਾਨਿਕ ਲੋਕਾਂ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਇਲਾਕੇ ਦੇ ਵਾਤਾਵਰਣ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। |
| 4. | ਸ੍ਰੀ ਸਿਮਰਨਜੀਤ, ਸਿੰਘ, ਵਾਸੀ ਪਿੰਡ ਬਿਨੈਵਾਲ, ਜਿਲਾ ਰੂਪ ਨਗਰ | ਉਸ ਨੇ ਕਿਹਾ ਕਿ ਜਿਆਦਾਤਰ ਕਲੋਰੀਨ ਗੈਸ ਟੈਕ ਬਹੁਤ ਪੁਰਾਣੇ ਹਨ ਜਿਹਨਾਂ ਨੂੰ ਬਦਲਣਾ ਬਹੁਤ ਜਰੂਰੀ ਹੈ। ਉਸਨੇ ਅੱਗੇ ਕਿਹਾ ਕਿ ਕੰਪਨੀ ਨੂੰ ਕਿਸੇ ਵੀ ਐਮਰਜੰਸੀ ਸਥਿਤੀ ਵਿੱਚ ਗੈਸ ਲੀਕੇਂ ਨੂੰ ਰੋਕਣ ਲਈ ਪ੍ਰਬੰਧ ਕਰਨੇ ਚਾਹੀਦੇ ਹਨ। ਉਸ ਨੇ ਇਹ ਵੀ ਕਿਹਾ ਕਿ ਆਲੇ ਦੁਆਲੇ ਦੇ ਲੋਕਾਂ ਨੂੰ ਕਿਸੇ ਐਮਰਜੰਸੀ ਨੂੰ ਨਿਪਟਣ | ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਸਵਿਧਾਨਿਕ ਲੋੜਾਂ ਦੇ ਮੱਦੇਨਜ਼ਰ ਐਕਸਪਲੋਸਿਵ ਵਿਭਾਗ ਲਿਕੁਆਡ ਕਲੋਰੀਨ ਸਟੋਰੇਜ਼ ਟੈਕਾਂ ਦੀ ਹਰ ਦੋ ਸਾਲ ਬਾਅਦ ਚੈਕਿੰਗ ਕੀਤੀ ਜਾਂਦੀ ਹੈ ਅਤੇ ਇਸ ਦੇ ਵਾਲਵਾਂ ਦੀ ਸਾਲ ਵਿੱਚ ਇੱਕ ਵਾਰ ਚੈਕਿੰਗ ਕੀਤੀ ਜਾਂਦੀ ਹੈ। ਉਹਨਾਂ ਇਹ ਵੀ ਦੱਸਿਆ ਕਿ ਐਕਸਪਲੋਸਿਵ ਵਿਭਾਗ ਵਲੋ ਕੰਪਨੀ ਨੂੰ ਇਸ ਸੰਬੰਧ ਵਿੱਚ |

| | | | |
|---|---|---|---|
| | | ਲਈ ਟਰੇਨਿੰਗ ਦੇਣੀ ਚਾਹੀਦੀ ਹੈ। | ਸਰਟੀਫਿਕੇਟ ਵੀ ਜਾਰੀ ਕੀਤਾ ਜਾਂਦਾ ਹੈ। ਵਾਤਾਵਰਣ ਅਤੇ ਸੁਰੱਖਿਆ ਕਾਨੂੰਨਾਂ ਅਤੇ ਰੂਲਜ਼ ਮੁਤਾਬਿਕ ਢੁੱਕਵੇ ਸੁਰੱਖਿਆ ਉਪਾਅ ਅਤੇ ਪ੍ਰਦੂਸ਼ਣ ਰੋਕਥਾਮ ਉਪਾਅ ਕੀਤੇ ਜਾ ਰਹੇ ਹਨ। ਉਹਨਾਂ ਇਹ ਵੀ ਦੱਸਿਆ ਕਿ ਪੀ.ਏ.ਸੀ.ਐਲ, ਵਲੋ ਲਿਕੁਆਡ ਕਲੋਰੀਨ ਦੀ ਸੁਰੱਖਿਅਤ ਹੈਡਲਿੰਗ ਸੰਬੰਧੀ ਨਿਯਮਤ ਤੋਰ ਤੇ ਮੋਕ ਡਰਿੱਲ ਕੀਤੀ ਜਾਂਦੀ ਹੈ। |
| 5. | ਸ੍ਰੀ ਸੀਤਲ ਸਿੰਘ ਸੰਧੂ, ਵਾਸੀ ਪਿੰਡ ਬਿਨੈਵਾਲ, ਜਿਲਾ ਰੂਪ ਨਗਰ | ਉਸ ਨੇ ਕਿਹਾ ਕਿ ਜੇ ਕੰਪਨੀ ਨੇ ਉਸ ਦੇ ਪਿੰਡ ਦੇ ਲੋਕਾਂ ਨੂੰ ਪਾਣੀ ਪ੍ਰੋਵਾਈਡ ਕਰਵਾਇਆ ਹੈ ਤਾਂ ਉਹ ਉਹਨਾਂ ਦਾ ਅਧਿਕਾਰ ਹੈ। ਕੰਪਨੀ ਵਲੋ ਜੋ ਆਰ ੳ ਸਿਸਟਮ ਪਿੰਡ ਵਿੱਚ ਲਗਾਇਆ ਹੋਇਆ ਹੈ ਉਸ ਦਾ ਬਿਲ ਪਿੰਡ ਦੇ ਗੁਰਦਵਾਰਾ ਸਾਹਿਬ ਵਲੋ ਭਰਿਆ ਜਾ ਰਿਹਾ ਹੈ। ਉਸ ਨੇ ਕਿਹਾ ਕਿ ਕੰਪਨੀ ਦਾ ਪਲਾਂਟ ਕਿਸੇ ਸਮੇਂ ਵੀ ਲੀਕ ਹੋ ਸਕਦਾ ਹੈ। ਉਸ ਨੇ ਮੰਗ ਕੀਤੀ ਕਿ 10ਵੀਂ ਅਤੇ 12ਵੀਂ ਕਲਾਸ ਬੱਚਿਆਂ ਨੂੰ ਵੀ ਰੁਜਗਾਰ ਦਿੱਤਾ ਜਾਵੇ। | ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਸਮਾਜਿਕ ਗਤੀਵਿਧੀਆਂ ਪਿੰਡ ਵਾਲਿਆਂ ਦੇ ਸੁਝਾਵਾਂ ਅਤੇ ਪਿੰਡ ਦੇ ਸਰਪੰਚ ਦੀ ਸਹਿਮਤੀ ਨਾਲ ਕੀਤੀਆਂ ਜਾਣਗੀਆਂ। ਉਹਨਾਂ ਇਹ ਵੀ ਦੱਸਿਆ ਕਿ ਕੰਪਨੀ ਦਾ ਮੋਜੂਦਾ ਯੂਨਿਟ ਜਰਮਨੀ ਦੀ ਮਸਹੂਰ ਕੰਪਨੀ ਵਲੋ ਨਵੀਂ ਤਕਨੀਕ ਨਾਲ ਤਿਆਰ ਕੀਤਾ ਹੋਇਆ ਹੈ, ਜੋ ਕਿ ਕਲੋਰ ਅਲਕਲੀ ਪਲਾਂਟ ਨਾਲ ਸੰਬੰਧਿਤ ਸੁਰੱਖਿਆ ਪ੍ਰਬੰਧਾਂ ਬਾਰੇ ਜਾਣੀ ਜਾਂਦੀ ਹੈ ਅਤੇ ਤਜਵੀਜਤ ਵਿਸਥਾਰ ਪ੍ਰੋਜੈਕਟ ਵੀ ਇਸੇ ਲਾਈਨ ਉਪਰ ਤਿਆਰ ਕੀਤਾ ਜਾਵੇਗਾ। ਇਸ ਕਰਕੇ ਪ੍ਰੋਜੈਕਟ ਵਿੱਚੋ ਕਿਸੇ ਵੀ ਕਿਸਮ ਦੀ ਗੈਸ ਲੀਕ ਹੋਣ ਦਾ ਕੋਈ ਵੀ ਮੋਕਾ ਪੈਦਾ ਨਹੀਂ ਹੋਵੇਗਾ। ਉਹਨਾਂ ਇਹ ਵੀ ਦੱਸਿਆ ਕਿ ਕਿਸੇ ਵੀ ਐਮਰਜੰਸੀ ਕੇਸ ਵਿੱਚ ਗੈਸ ਦੀ ਲੀਕੇਜ਼ ਨੂੰ ਡਿਟੈਕਟ ਕਰਨ ਲਈ, ਢੁੱਕਵਾਂ ਅਲਾਰਮ ਸਿਸਟਮ ਅਤੇ ਕਲੋਰੀਨ ਡਿਟੈਕਟਰ ਪਲਾਂਟ ਵਿੱਚ ਲਗਾਇਆ ਹੋਇਆ ਹੈ। ਉਹਨਾਂ ਅੱਗੇ ਦੱਸਿਆ ਕਿ ਕੰਪਨੀ 75 ਮੈਗਾਵਾਟ ਦਾ ਕੋ-ਜਨਰੇਸ਼ਨ ਪਲਾਂਟ ਲਗਾਉਣ ਜਾ ਰਹੀ ਹੈ ਜਿਸ ਵਿੱਚ ਦਸਵੀਂ ਅਤੇ ਬਾਹਰਵੀਂ ਪੜੇ ਵਿਅਕਤੀਆਂ ਨੂੰ ਅਡਜਸਟ ਕੀਤਾ ਜਾਵੇਗਾ। |
| 6. | ਸ੍ਰੀ ਅਮਰੀਕ | ਉਸ ਨੇ ਕਿਹਾ ਕਿ ਉਸ ਦੇ | ਕੰਪਨੀ ਦੇ ਡਾਇਰੈਕਟਰ ਨੇ |

| | | | |
|---|---|---|---|
| | ਸਿੰਘ ਸੰਧੂ, ਵਾਸੀ ਪਿੰਡ ਮਲੂਕਪੁਰ, ਜਿਲਾ ਰੂਪ ਨਗਰ | ਬੋਰ (ਮੋਟਰ ਪੰਪ) ਦਾ ਪਾਣੀ ਜੋ ਕਿ ਖੇਤਾਂ ਵਿੱਚ ਲੱਗਿਆ ਹੋਇਆ ਹੈ, ਸਿੰਚਾਈ ਲਈ ਠੀਕ ਨਹੀਂ ਹੈ, ਜਿਸ ਨਾਲ ਖੇਤਾਂ ਵਿੱਚ ਲੱਗੀਆਂ ਫਸਲਾਂ ਖਰਾਬ ਹੋ ਰਹੀਆਂ ਹਨ। | ਦੱਸਿਆ ਕਿ ਕੰਪਨੀ ਵਲੋ ਨੇੜੇ ਦੇ ਇਲਾਕੇ ਵਿੱਚ ਇੱਕ ਪਾਇਪ ਲਾਈਨ ਪਾਈ ਹੋਈ ਹੈ ਜਿਸ ਨੂੰ ਕਿਸਾਨਾਂ ਵਲੋ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ। ਕੰਪਨੀ ਵਲੋ ਪਿੰਡ ਬਿਨੈਵਾਲ ਵਿੱਚ ਇੱਕ ਆਰ.ਓ ਸਿਸਟਮ ਲਗਾਇਆ ਹੋਇਆ ਹੈ ਜਿਸ ਨਾਲ ਪਿੰਡ ਵਿੱਚ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ।<br>ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਨੇ ਦੱਸਿਆ ਕਿ ਉਹਨਾਂ ਨੂੰ ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਮੋਹਾਲੀ ਨੇ ਦੱਸਿਆ ਹੈ ਕਿ ਬੋਰਡ ਵਲੋ ਦਸੰਬਰ 2018 ਵਿੱਚ ਇੰਡਸਟਰੀ ਦੇ ਗਰਾਂਊਂਡ ਵਾਟਰ ਸੈਂਪਲ ਲਏ ਸਨ ਜਿਹਨਾਂ ਦੇ ਵਿਸਲੇਸ਼ਣ ਨਿਰਧਾਰਿਤ ਹੱਦ ਅੰਦਰ ਪਾਏ ਗਏ। ਗਰਾਂਊਂਡ ਵਾਟਰ ਨੂੰ ਮੋਨੀਟਰ ਕਰਨ ਲਈ ਗਰਾਂਊਂਡ ਵਾਟਰ ਦੁਬਾਰਾ ਫਿਰ ਲਏ ਜਾਣਗੇ। |
| 7. | ਸ੍ਰੀ ਸਵਰਨ ਸਿੰਘ, ਵਾਸੀ ਪਿੰਡ ਬੇਲਾ ਧਿਆਨੀ, ਜਿਲਾ ਰੂਪ ਨਗਰ | ਉਸਨੇ ਕਿਹਾ ਕਿ ਇਸ ਤੋਂ ਪਹਿਲਾਂ (8-9 ਪਹਿਲਾਂ) ਇੰਡਸਟਰੀ ਵਲੋ ਆਪਣਾ ਵੈਸਟਵਾਟਰ ਨਾਲੇ ਰਾਂਹੀ ਸਤਲੁਜ਼ ਦਰਿਆ ਵਿੱਚ ਪਾਇਆ ਜਾਂਦਾ ਸੀ, ਪਰ ਹੁਣ ਇਹ ਨਹੀਂ ਕੀਤਾ ਜਾ ਰਿਹਾ। ਪਿੰਡ ਬੇਲਾ ਧਿਆਨੀ ਅਤੇ ਮੋਜੋਵਾਲ ਦਾ ਪਾਣੀ ਫਸਲਾਂ ਵਾਸਤੇ ਠੀਕ ਨਹੀਂ ਹੈ ਅਤੇ ਇਸ ਨਾਲ ਕਣਕ ਦੀ ਫਸਲ ਖਰਾਬ ਹੋ ਰਹੀ ਹੈ। ਉਸ ਨੇ ਮੰਗ ਕੀਤੀ ਕਿ ਗਰਾਂਊਂਡਵਾਟਰ ਦੇ ਸੈਂਪਲ 70-80 ਫੁੱਟ ਤੋਂ ਲਏ ਜਾਣ ਅਤੇ ਉਹਨਾਂ ਦਾ ਵਿਸਲੇਸਣ ਕਰਵਾਇਆ ਜਾਵੇ। ਉਸ ਨੇ ਮੰਗ ਕੀਤੀ ਕਿ ਸਥਾਨਿਕ ਲੋਕਾਂ ਨੂੰ ਰੁਜਗਾਰ ਯਕੀਨੀ ਬਣਾਇਆ | ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਯੂਨਿਟ ਜੀਰੋ ਲਿਕੁਆਡ ਡਿਸਚਾਰਜ (ਜੈਡ.ਐਲ.ਡੀ) ਦੇ ਆਧਾਰਿਤ ਹੈ। ਕੰਪਨੀ ਵਲੋ ਸਾਰਾ ਪਾਣੀ ਚੰਗੀ ਤਰਾਂ ਸੋਧਣ ਤੋ ਬਾਅਦ ਵੱਖ-ਵੱਖ ਉਦੇਸਾਂ ਜਿਵੇਂ ਕਿ ਕੂਲਿੰਗ ਟਾਵਰ ਲਈ, ਡੀ.ਐਮ. ਟੈਕ ਲਈ ਇੰਡਸਟਰੀ ਪਰਿਸ਼ਰ ਵਿੱਚ ਹੀ ਵਰਤਿਆ ਜਾਂਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਰੁਜਗਾਰ ਵਿੱਚ ਸਥਾਨਿਕ ਲੋਕਾਂ ਨੂੰ ਤਰਜੀਹ ਦਿੱਤੀ ਜਾਵੇਗੀ। ਉਹਨਾਂ ਅੱਗੇ ਦੱਸਿਆ ਕਿ ਇਹ ਸੋਧਿਆ ਹੋਇਆ ਪਾਣੀ ਪੀਣ ਲਈ ਵੀ ਯੋਗ ਹੈ। ਪੀ.ਏ.ਸੀ.ਐਲ ਵਲੋ ਪੈਸੈ ਦੀ ਘਾਟ ਕਾਰਨ, ਪਿਛਲੇ ਕਈ ਸਾਲਾਂ ਤੋ ਪ੍ਰੋਜੈਕਟ ਵਿੱਚ ਕੋਈ ਵੀ ਵਾਧਾ ਨਹੀ ਕੀਤਾ। ਹੁਣ |

| | | | |
|---|---|---|---|
| | | ਜਾਵੇ ਅਤੇ ਪੀਣ ਵਾਲਾ ਪਾਣੀ ਨੇੜੇ ਦੇ ਪਿੰਡਾਂ ਨੂੰ ਮੁਹੱਈਆ ਕਰਵਾਇਆ ਜਾਵੇ। ਉਸ ਨੇ ਅੱਗੇ ਕਿਹਾ ਕਿ ਪਹਿਲਾਂ ਇੱਕ ਮਾਮਲੇ ਨੂੰ ਮੈਸ: ਐਨ.ਐਫ.ਐਲ ਅਤੇ ਪੀ.ਏ.ਸੀ.ਐਲ ਦੀ ਮੈਨੇਜਮੈਂਟ ਅੱਗੇ ਉਠਾਉਣ ਲਈ ਪੰਜ ਪਿੰਡਾਂ ਦੀ ਇੱਕ ਪ੍ਰਦੂਸ਼ਣ ਰੋਕਥਾਮ ਕਮੇਟੀ ਬਣਾਈ ਗਈ ਸੀ, ਜਿਸ ਦਾ ਉਹ ਮੈਂਬਰ ਹੈ, ਪਰ ਉਸ ਦਾ ਕੋਈ ਸੰਤੋਸ਼ਜਨਕ ਹੱਲ ਸਾਹਮਣੇ ਨਹੀਂ ਆਇਆ। ਉਸ ਨੇ ਇਹ ਵੀ ਕਿਹਾ ਕਿ ਪਿੰਡ ਬਿਨੈਵਾਲ ਦੀ ਤਰਜ਼ ਤੇ ਕੰਪਨੀ ਵਲੋ ਨੇੜੇ ਦੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾਵੇ। ਹਵਾ ਪ੍ਰਦੂਸ਼ਣ ਬੰਦ ਹੋਣਾ ਚਾਹੀਦਾ ਹੈ। ਉਸ ਨੇ ਪ੍ਰੋਜੈਕਟ ਦੇ ਵਾਧੇ ਦਾ ਸਵਾਗਤ ਕੀਤਾ। | ਕੰਪਨੀ ਇਸ ਯੂਨਿਟ ਵਿੱਚ ਵਾਧਾ ਕਰਨ ਜਾ ਰਹੀ ਹੈ ਜਿਸ ਤਕਰੀਬਨ 400 ਤੋ 500 ਰੋਜਗਾਰ ਦੇ ਮੋਕੇ ਪੈਦਾ ਹੋਣਗੇ। ਪੀ.ਏ.ਸੀ.ਐਲ ਕੋਸਿਸ ਕਰੇਗੀ ਕਿ ਜਦੋ ਵੀ ਅਸਾਮੀਆਂ ਭਰਨੀਆਂ ਹੋਣਗੀਆਂ ਉਸ ਸਮੇਂ ਰੁਜਗਾਰ ਵਿੱਚ ਸਥਾਨਿਕ ਲੋਕਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਿਕ ਤਰਜੀਹ ਦਿੱਤੀ ਜਾਵੇਗੀ। |
| 8. | ਸ੍ਰੀ ਹਰਜਾਪ ਸਿੰਘ, ਮੈਂਬਰ ਬਲਾਕ ਸੰਮਤੀ, ਪਿੰਡ ਮਜਾਰਾ, ਜਿਲਾ ਰੂਪ ਨਗਰ | ਉਸ ਨੇ ਕਿਹਾ ਕਿ ਨੇੜੇ ਦੇ ਪਿੰਡਾਂ ਦੇ ਲੋਕਾਂ ਦਾ ਰੁਜਗਾਰ ਵਿੱਚ ਕੋਟਾ ਫਿਕਸ ਕਰਨਾ ਚਾਹੀਦਾ ਹੈ ਤਾਂ ਕਿ ਸਥਾਨਿਕ ਲੋਕ ਰੁਜਗਾਰ ਪ੍ਰਾਪਤ ਕਰ ਸਕਣ। | ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਪੀ.ਏ.ਸੀ.ਐਲ ਕੋਸਿਸ ਕਰੇਗੀ ਕਿ ਜਦੋ ਵੀ ਅਸਾਮੀਆਂ ਭਰਨੀਆਂ ਹੋਣਗੀਆਂ ਉਸ ਸਮੇਂ ਰੁਜਗਾਰ ਵਿੱਚ ਸਥਾਨਿਕ ਲੋਕਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਿਕ ਤਰਜੀਹ ਦਿੱਤੀ ਜਾਵੇਗੀ। |
| 9. | ਸ੍ਰੀ ਸਤਨਾਮ ਸਿੰਘ, ਵਾਸੀ ਪਿੰਡ ਬਿਨੈਵਾਲ, ਜਿਲਾ ਰੂਪ ਨਗਰ | ਨਵੇ ਪ੍ਰੋਜੈਕਟ ਦੇ ਕੀ ਫਾਇਦੇ –ਨੁਕਸਾਨ ਹੋਣਗੇ? ਸਥਾਨਿਕ ਲੋਕਾਂ ਨੂੰ ਰੁਜਗਾਰ ਵਿੱਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। | ਕੰਪਨੀ ਦੇ ਡਾਇਰੈਕਟਰ ਨੇ ਦੱਸਿਆ ਕਿ ਪ੍ਰੋਜੈਕਟ ਤੋ ਹੋਣ ਵਾਲੇ ਫਾਇਦਿਆਂ ਬਾਰੇ ਪ੍ਰੋਜੈਕਟ ਰਿਪੋਰਟ/ਪ੍ਰਜਨਟੈਸ਼ਨ ਵਿੱਚ ਦਰਜ਼ ਕੀਤਾ ਗਿਆ ਹੈ ਜੋ ਕਿ ਸ੍ਰੀ ਰਵਿੰਦਰ ਜਸਵਾਲ, ਡੀ.ਜੀ.ਐਮ (ਐਚ.ਆਰ, ਪੀ.ਏ.ਸੀ.ਐਲ) ਵਲੋ ਪੜੀ ਗਈ ਹੈ। ਪੀ.ਏ.ਸੀ.ਐਲ ਵਲੋ ਜਦੋ ਵੀ ਅਸਾਮੀਆਂ ਭਰਨੀਆਂ ਹੋਣਗੀਆਂ ਉਸ ਸਮੇਂ ਰੁਜਗਾਰ ਵਿੱਚ ਸਥਾਨਿਕ ਲੋਕਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਿਕ ਤਰਜੀਹ ਦਿੱਤੀ ਜਾਵੇਗੀ। |
| 10. | ਸ੍ਰੀ ਹਰਦਿਆਲ ਸਿੰਘ ਪ੍ਰਧਾਨ ਗ੍ਰਾਮ | ਉਸ ਨੇ ਕਿਹਾ ਕਿ ਵੱਖ ਵੱਖ ਬੁਲਾਰਿਆਂ ਵਲੋ ਆਪਣੇ | ਕੰਪਨੀ ਦੇ ਡਾਇਰੈਕਟਰ ਨੇ ਬਿਨੈਵਾਲ ਲਈ ਵਿਛਾਈ ਗਈ |

| | | | |
|---|---|---|---|
| | ਪੰਚਾਇਤ, ਪਿੰਡ ਮਲੂਕਪੁਰ, ਜਿਲਾ ਰੂਪ ਨਗਰ | ਆਪਣੇ ਸੁਝਾਅ ਦਿੱਤੇ ਗਏ ਹਨ ਅਤੇ ਮੈਨੇਜਮੈਂਟ ਵਲੋ ਉਹਨਾਂ ਦਾ ਜਵਾਬ ਵੀ ਦਿੱਤਾ ਗਿਆ ਹੈ, ਜਿਸ ਲਈ ਉਹ ਕੰਪਨੀ ਦੀ ਮੈਨੇਜਮੈਂਟ ਦੇ ਧੰਨਵਾਦੀ ਹਨ। ਉਸ ਨੇ ਮੰਗ ਕੀਤੀ ਕਿ ਪਾਣੀ ਪ੍ਰਦੂਸ਼ਣ ਬੰਦ ਹੋਣਾ ਚਾਹੀਦਾ ਹੈ। ਉਸ ਨੇ ਇਹ ਵੀ ਕਿਹਾ ਕਿ ਉਹਨਾਂ ਨੂੰ ਇੰਡਸਟਰੀ ਦੇ ਵਾਧੇ ਲਈ ਕੋਈ ਇਤਰਾਜ਼ ਨਹੀਂ ਹੈ। ਉਸ ਨੇ ਮੰਗ ਕੀਤੀ ਕਿ ਜੋ ਪਾਇਪ ਲਾਈਨ ਪਿੰਡ ਬਿਨੈਵਾਲ ਦੇ ਖੇਤਾਂ ਲਈ ਵਿਛਾਈ ਗਈ ਹੈ ਅਤੇ ਜੋ ਕਿ ਪਿਛਲੇ ਦੋ ਸਾਲਾ ਤੋ ਕੰਮ ਕਰ ਰਹੀ ਹੈ, ਨੂੰ ਭੱਜੂ ਬਾਬਾ ਡੇਰਾ ਤੱਕ ਵਧਾਇਆ ਜਾਵੇ ਤਾਂ ਉਸ ਦੇ ਪਿੰਡ ਦੀ ਤਕਰੀਬਨ 150 ਏਕੜ ਜਮੀਨ ਨੂੰ ਇਸ ਨਾਲ ਸਿੰਚਾਈ ਕੀਤਾ ਜਾ ਸਕੇ। ਉਸ ਨੇ ਪੀ.ਏ.ਸੀ.ਐਲ ਮੈਨੇਜਮੈਂਟ ਦਾ ਧੰਨਵਾਦ ਕੀਤਾ ਅਤੇ ਮੰਗ ਕੀਤੀ ਕਿ ਰੁਜਗਾਰ ਵਿੱਚ ਉਹਨਾਂ ਦੇ ਪਿੰਡ ਨੂੰ ਵੀ ਤਰਜੀਹ ਦਿੱਤੀ ਜਾਵੇ। | ਪਾਇਪ ਲਾਈਨ ਨੂੰ ਭੱਜੂ ਬਾਬਾ ਡੇਰੇ ਤੱਕ ਵਧਾਉਣ ਲਈ ਦਿੱਤੇ ਗਏ ਸੁਝਾਅ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਉਹ ਇਸ ਨਾਲ ਸਿਧਾਂਤਕ ਤੋਰ ਤੇ ਸਹਿਮਤ ਹਨ ਅਤੇ ਇਸ ਸੰਬੰਧ ਵਿੱਚ ਇੱਕ ਕਮੇਟੀ ਬਣਾਈ ਜਾਵੇਗੀ ਜੋ ਇਲਾਕੇ/ਨੇੜੇ ਦੇ ਲੋਕਾਂ ਦੀ ਜਰੂਰਤ ਦਾ ਨਰੀਖਣ ਕਰੇਗੀ ਜਿਸ ਨਾਲ 150 ਏਕੜ ਜਮੀਨ ਨੂੰ ਸਿੰਚਾਈ ਲਈ ਵਰਤਿਆ ਜਾ ਸਕੇ ਅਤੇ ਇਸ ਨੂੰ ਸੀ.ਈ.ਆਰ ਗਤੀਵਿਧੀਆਂ ਤਹਿਤ ਲਿਆਂਦਾ ਜਾਵੇਗਾ। ਉਹਨਾਂ ਨੇ ਪੱਕਾ ਕੀਤਾ ਕਿ ਪੀ.ਏ.ਸੀ.ਐਲ ਵਲੋ ਜਦੋ ਵੀ ਅਸਾਮੀਆਂ ਭਰਨੀਆਂ ਹੋਣਗੀਆਂ ਉਸ ਸਮੇਂ ਰੁਜਗਾਰ ਵਿੱਚ ਸਥਾਨਿਕ ਲੋਕਾਂ ਨੂੰ ਉਹਨਾਂ ਦੀ ਯੋਗਤਾ ਮੁਤਾਬਿਕ ਤਰਜੀਹ ਦਿੱਤੀ ਜਾਵੇਗੀ। |
| 11. | ਸ੍ਰੀ ਪਿਆਰਾ ਸਿੰਘ, ਪਿੰਡ ਉਪਰਲੀ ਡਰੋਲੀ ਅਤੇ ਪ੍ਰਧਾਨ, ਦੀ ਨੰਗਲ ਕੋ-ਉਪਰੇਟਿਵ ਟਰੱਕ ਉਪਰੇਟਰ ਗੁੱਡਜ ਕੈਰੀਅਰਜ ਟਰਾਂਸਪੋਰਟ ਸੋਸਾਇਟੀ ਲਿਮਟਿਡ, ਨੰਗਲ ਜਿਲਾ ਰੂਪ ਨਗਰ | ਉਸ ਨੇ ਮਹਾਨ ਹਸਤੀਆਂ, ਨੇੜੇ ਤੋਂ ਆਏ ਪੰਚਾਂ/ਸਰਪੰਚਾਂ ਦਾ ਸਵਾਗਤ ਕੀਤਾ। ਉਸ ਨੇ ਕਿਹਾ ਕਿ ਟਰੱਕ ਯੂਨੀਅਨ ਪੀ.ਏ.ਸੀ.ਐਲ ਨਾਲ ਤਕਰੀਬਨ 7 ਕਰੋੜ ਮਹੀਨੇ ਦਾ ਬਿਜਨਸ ਕਰਦੀ ਹੈ। ਸਿਰਫ ਇਹ ਪ੍ਰੋਜੈਕਟ ਹੀ ਨਹੀਂ ਬਲਕਿ ਤਿੰਨ-ਚਾਰ ਹੋਰ ਪ੍ਰੋਜੈਕਟ ਵੀ ਇਲਾਕੇ ਵਿੱਚ ਆਉਣੇ ਚਾਹੀਦੇ ਹਨ ਅਤੇ ਉਸ ਦਾ ਕੋਈ ਵੀ ਵਿਰੋਧ ਨਹੀਂ ਕਰੇਗਾ। ਰੁਜਗਾਰ ਸਥਾਨਿਕ ਲੋਕਾਂ ਨੂੰ ਦੇਣਾ ਚਾਹੀਦਾ ਹੈ ਅਤੇ ਟਰਾਂਸਪੋਰਟ ਸੋਸਾਇਟੀ ਨੂੰ ਹੋਰ ਬਿਜਨਸ ਮਿਲਣਾ ਚਾਹੀਦਾ ਹੈ। | ਕੰਪਨੀ ਦੇ ਡਾਇਰੈਕਟਰ ਨੇ ਇਸ ਲਈ ਬੁਲਾਰੇ ਦਾ ਧੰਨਵਾਦ ਕੀਤਾ। |

| | | | |
|---|---|---|---|
| 12. | ਸ੍ਰੀ ਐਮ.ਪੀ. ਸਿੰਘ, ਵਾਸੀ ਭਾਗਲਾਂ, ਜਿਲਾ ਰੂਪ ਨਗਰ | ਉਸ ਨੇ ਪ੍ਰੋਜੈਕਟ ਦੇ ਵਿਸਥਾਰ ਤੇ ਖੁਸੀ ਜਾਹਿਰ ਕੀਤੀ। ਉਸ ਨੇ ਕਿਹਾ ਕਿ ਟਰੱਕ ਸੁਸਾਇਟੀ ਨੰਗਲ ਬਿਜਨਿਸ ਲਈ ਸਾਲ 1984 ਤੋ ਮੈਸ: ਪੀ.ਏ.ਸੀ.ਐਲ ਨਾਲ ਜੁੜੀ ਹੋਈ ਹੈ ਅਤੇ ਉਹ ਇਸ ਵਿਸਥਾਰ ਲਈ ਖੁਸ ਹੈ। ਉਸ ਨੇ ਅਡੀਸਨਲ ਡਿਪਟੀ ਕਮਿਸ਼ਨਰ, ਰੂਪ ਨਗਰ ਨੂੰ ਬੇਨਤੀ ਕੀਤੀ ਕਿ ਐਨ.ਐਫ.ਐਲ, ਬੀ.ਬੀ.ਐਮ.ਬੀ. ਅਤੇ ਪੀ.ਐਨ.ਐਫ.ਸੀ. ਵਿੱਚ ਪਈ ਖਾਲੀ ਜਮੀਨ ਵਿੱਚ ਹੋਰ ਪ੍ਰੋਜੈਕਟ ਲਗਾਏ ਜਾਣ। ਉਸ ਨੇ ਸਪੀਕਰ, ਪੰਜਾਬ ਵਿਧਾਨ ਸਭਾ, ਇਲਾਕੇ ਦੇ ਐਮ.ਪੀ. ਨੂੰ ਬੇਨਤੀ ਕੀਤੀ ਕਿ ਨੰਗਲ ਇਲਾਕੇ ਵਿੱਚ ਹੋਰ ਪ੍ਰੋਜੈਕਟ ਲਿਆਂਦੇ ਜਾਣ ਅਤੇ ਇਸ ਨੂੰ ਇੰਡਸਟਰੀਅਲ ਹੱਬ ਬਣਾਇਆ ਜਾਵੇ। | ਕਿਸੇ ਵੀ ਕੁਮੈਂਟ ਦੀ ਜਰੂਰਤ ਨਹੀਂ। |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਅਤੇ ਇਤਰਾਜ ਪ੍ਰਗਟ ਕਰਨ ਚਾਹੰਦਾ ਹੋਵੇ ਤਾਂ ਲੈ ਸਕਦਾ/ਕਰ ਸਕਦਾ ਹੈ। ਪਰ ਕਿਸੇ ਨੇ ਵੀ ਜਾਣਕਾਰੀ ਨਹੀ ਮੰਗੀ ਅਤੇ ਨਾ ਹੀ ਕੋਈ ਇਤਰਾਜ਼ ਪ੍ਰਗਟ ਕੀਤਾ । ਇਸ ਤੋ ਪਿੱਛੋ ਉਹਨਾਂ ਨੇ ਤਿੰਨ ਵਾਰ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰਸਤਾਵਿਤ ਵਿਸਥਾਰ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਜਨਤਕ ਸੁਣਵਾਈ ਵਿੱਚ 379 ਵਿਅਕਤੀਆਂ ਨੇ ਹਿੱਸਾ ਲਿਆ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| **(ਹਰਸਿਮਰਨ ਸਿੰਘ)** | **(ਡਾ. ਮਨੋਹਰ ਲਾਲ ਚੋਹਾਨ)** | **(ਜਗਵਿੰਦਰਜੀਤ ਸਿੰਘ, ਪੀ.ਸੀ.ਐਸ.)** |
| --- | --- | --- |
| ਸਹਾਇਕ ਵਾਤਾਵਰਣ ਇੰਜੀਨੀਅਰ<br>ਪੀਪੀਸੀਬੀ, ਖੇਤਰੀ ਦਫਤਰ,<br>ਮੋਹਾਲੀ | ਵਾਤਾਵਰਣ ਇੰਜੀਨੀਅਰ (ਮੈਗਾ)<br>ਪੀਪੀਸੀਬੀ ਪਟਿਆਲਾ | ਅਡੀਸ਼ਨਲ ਡਿਪਟੀ ਕਮਿਸ਼ਨਰ,<br>ਰੂਪ ਨਗਰ |